# प्रश्न–पत्र ब्ल्यूप्रिन्ट 2024–2025

कक्षा – 10 / माध्यमिक　　विषय :– पंजाबी (तृतीय भाषा)　　समय– 3:15 घंटे　　पूर्णांक– 80

| क्र. सं. | उद्देश्य इकाई / उपइकाई | ज्ञान | | | | | | अवबोध | | | | | | ज्ञानोपयोग | | | | | | कौशल | | | | | | विश्लेषण | | | | | | योग |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| | | बहुविकल्पात्मक | रिक्तस्थान | अतिलघुत्तरात्मक | लघुत्तरात्मक | दीर्घउत्तरात्मक | निबन्धात्मक | बहुविकल्पात्मक | रिक्तस्थान | अतिलघुत्तरात्मक | लघुत्तरात्मक | दीर्घउत्तरात्मक | निबन्धात्मक | बहुविकल्पात्मक | रिक्तस्थान | अतिलघुत्तरात्मक | लघुत्तरात्मक | दीर्घउत्तरात्मक | निबन्धात्मक | बहुविकल्पात्मक | रिक्तस्थान | अतिलघुत्तरात्मक | लघुत्तरात्मक | दीर्घउत्तरात्मक | निबन्धात्मक | बहुविकल्पात्मक | रिक्तस्थान | अतिलघुत्तरात्मक | लघुत्तरात्मक | दीर्घउत्तरात्मक | निबन्धात्मक | |
| 01 | कविता | 1(1) | 1(1) | 1(1) | -- | -- | -- | 2(2) | 1(1) | 3(3) | 2(1) | 3(1) | -- | 2(2) | 1(1) | 1(1) | -- | -- | 4(1) | 1(1) | -- | -- | -- | -- | -- | -- | -- | -- | -- | -- | - - | 23(17) |
| 02 | निबंध | 2(2) | -- | 1(1) | -- | -- | -- | -- | -- | -- | -- | 6(2) | -- | 1(1) | 1(1) | -- | -- | -- | -- | 1(1) | -- | -- | -- | -- | -- | -- | -- | 1(1) | -- | -- | - - | 13(9) |
| 03 | कहानी | 1(1) | 1(1) | -- | -- | -- | -- | 1(1) | 1(1) | -- | -- | -- | -- | 1(1) | -- | 1(1) | -- | -- | -- | 1(1) | -- | -- | -- | -- | -- | -- | -- | 1(1) | -- | 3(1) | - - | 11(9) |
| 04 | व्याकरण | 2(2) | -- | -- | 2(1) | -- | -- | -- | -- | 1(1) | -- | -- | -- | 1(1) | -- | -- | 4(2) | -- | -- | 1(1) | -- | 1(1) | -- | -- | -- | -- | -- | 1(1) | 2(1) | -- | - - | 15(11) |
| 05 | पत्र–लेखन | -- | -- | -- | -- | -- | -- | -- | -- | -- | -- | -- | -- | -- | -- | --- | -- | -- | -- | -- | -- | -- | -- | -- | 4(1) | -- | -- | -- | -- | -- | - - | 4(1) |
| 06 | लेख रचना | -- | -- | -- | -- | -- | -- | -- | -- | -- | -- | -- | -- | -- | -- | -- | -- | -- | 4(1) | -- | -- | -- | -- | -- | -- | -- | -- | -- | -- | -- | - - | 4(1) |
| 07 | अपठित गद्यांश | -- | -- | -- | 4(2) | -- | -- | -- | -- | -- | 4(2) | -- | -- | -- | -- | -- | 2(1) | -- | -- | -- | -- | -- | -- | -- | -- | -- | -- | -- | -- | -- | - - | 10(5) |
| | | | | | | | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | | | | | | | |
| | योग | 6(6) | 2(2) | 2(2) | 6(3) | -- | -- | 3(3) | 2(2) | 4(4) | 6(3) | 9(3) | -- | 5(5) | 2(2) | 2(2) | 6(3) | -- | 8(2) | 4(4) | -- | 1(1) | -- | -- | 4(1) | -- | -- | 3(3) | 2(1) | 3(1) | -- | |
| | सर्वयोग | 16(13) | | | | | | 24(15) | | | | | | 23(14) | | | | | | 9(6) | | | | | | 8(5) | | | | | | **80(53)** |

विकल्पों की योजना :– खण्ड 'स' एवं 'द' में प्रत्येक में एक आंतरिक विकल्प है नोटः–कोष्ठक के बाहर की संख्या 'अंकों' की तथा अंदर की संख्या 'प्रश्नों' की द्योतक है।

BSER

**ਮਾੱਡਲ ਪ੍ਰਸ਼ਨ-ਪਤ੍ਰ**

**ਮਾਧਯਮਿਕ ਪਰੀਕ੍ਸ਼ਾ 2025**

**ਵਿਸ਼ਯ: ਪੰਜਾਬੀ (T.L.)**

ਸਮਾਂ 3:15 ਘੰਟੇ — ਕੁੱਲ ਅੰਕ : 80

**ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ:-**

- ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ ਪੱਤਰ `ਤੇ ਆਪਣਾ ਰੋਲ ਨੰਬਰ ਲਿਖਣ।
- ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ। ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਤ ਹਨ। ਪ੍ਰਸ਼ਨ ਨੰਬਰ 14 ਤੋਂ 20 ਤੱਕ ਆਂਤਰਿਕ ਵਿਕਲਪ ਹਨ।
- ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ `ਤੇ ਹੀ ਲਿਖੋ। ਜਿਹਨਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਦਾ ਹੱਲ ਇੱਕ ਥਾਂ `ਤੇ ਇੱਕ ਹੀ ਤਰਤੀਬ ਵਿਚ ਕਰੋ।

## ਖੰਡ-ੳ

**1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ:-** **18x1=18**

I. 'ਸਿੰਮਲ ਰੁਖ ਸਰਾਇਰਾ' ਸ਼ਬਦ ਗੁਰੂ ਸਾਹਿਬ ਜੀ ਦੀ ਰਚਨਾ ਹੈ -
(ੳ) ਗੁਰੂ ਅਰਜਨ ਦੇਵ ਜੀ (ਅ) ਗੁਰੂ ਰਾਮ ਦਾਸ ਜੀ (ੲ) ਗੁਰੂ ਨਾਨਕ ਦੇਵ ਜੀ (ਸ) ਗੁਰੂ ਅੰਗਦ ਦੇਵ ਜੀ

II. ਬੁਲ੍ਹੇ ਸ਼ਾਹ ਦੀ ਰਚਨਾ ਹੈ -
(ੳ) ਮੇਰੀ ਜਿੰਦੇ (ਅ) ਇਕਨਾ ਮਹਿਲ ਉਸਾਰੇ (ੲ) ਜਿਤੁ ਦਿਹਾੜੇ ਧਨ ਵਰੀ (ਸ) ਉਲਟੇ ਹੋਰ ਜਮਾਨੇ ਆਏ

III. 'ਫਰੀਦਾ ਸ਼ੱਕਰ ਖੰਡ ਨਿਵਾਤ ਗੁੜ ਮਾਖਿਓ ਮਾਂਝਾ ਦੁਧੁ' ਉਪਰੋਕਤ ਸਤਰ ਵਿਚ ਆਏ ਸ਼ਬਦ 'ਨਿਵਾਤ' ਦਾ ਸਹੀ ਅਰਥ ਹੈ -
(ੳ) ਚੀਨੀ (ਅ) ਸ਼ਹਿਦ (ੲ) ਮਿਸਰੀ (ਸ) ਇਲਾਚੀ

IV. "ਮਾਂ ਵਰਗਾ ਘਣ - ਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਏ|" ਇਹ ਸਤਰਾਂ ਕਵੀ ਦੀਆਂ ਹਨ-
(ੳ) ਅੰਮ੍ਰਿਤਾ ਪ੍ਰੀਤਮ (ਅ) ਸ਼ਿਵ ਕੁਮਾਰ ਬਟਾਲਵੀ (ੲ) ਸੁਰਜੀਤ ਪਾਤਰ (ਸ) ਪ੍ਰੋ. ਮੋਹਨ ਸਿੰਘ

V. 'ਭਾਈ ਗੁਰਦਾਸ ਜੀ' ਅਨੁਸਾਰ ਭੋਇੰ ਕਿਸ ਦਾ ਭਾਰ ਮਹਿਸੂਸ ਕਰਦੀ ਹੈ -
(ੳ) ਪਰਬਤਾਂ ਦਾ (ਅ) ਅਕਿਰਤਘਣ ਦਾ (ੲ) ਸਾਇਰਾਂ ਦਾ (ਸ) ਤਰੁਵਰਾਂ ਦਾ

VI. " ਪੱਕ ਪਈਆਂ ਕਣਕਾਂ, ਲੁਕਾਠ ਰੱਸਿਆ,
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ।"
ਇਹ ਕਾਵਿ ਸਤਰਾਂ ਕਵਿਤਾ ਦੀਆਂ ਹਨ-
(ੳ) ਵਿਸਾਖੀ ਦਾ ਮੇਲਾ (ਅ) ਹਾਲੀ ਦਾ ਗੀਤ (ੲ) ਚਾਨਣ ਦੀ ਫੁਲਕਾਰੀ (ਸ) ਤਮਗੇ

VII. ਗੰਗਾ ਦੀਨ ਨਿਬੰਧ ਦੇ ਨਿਬੰਧਕਾਰ ਹਨ -
(ੳ) ਹਰਪ੍ਰੀਤ ਕੌਰ (ਅ) ਪ੍ਰਿੰ. ਤੇਜਾ ਸਿੰਘ (ੲ) ਪ੍ਰਿੰ. ਸਰਵਣ ਸਿੰਘ (ਸ) ਪ੍ਰੋ. ਪੂਰਨ ਸਿੰਘ

VIII. " ਜਣਨੀ ਜਣੇ ਤਾਂ ਭਗਤ ਜਨ ਕਿ ਦਾਤਾ ਕਿ ਸੂਰ,
ਨਹੀਂ ਤਾਂ ਜਣਨੀ ਬਾਂਝ ਰਹੇ ਕਾਹੇ ਗਵਾਵੈ ਨੂਰ|"
ਇਹ ਲਾਈਨਾਂ ਨਿਬੰਧ `ਚ ਵਰਤੀਆਂ ਗਈਆਂ ਹਨ-
(ੳ) ਕਿਰਤ (ਅ) ਗੰਗਾ ਦੀਨ (ੲ) ਭਾਈ ਮਰਦਾਨਾ ਜੀ (ਸ) ਮਹਾਰਾਜਾ ਗੰਗਾ ਸਿੰਘ

IX. ਮਿਲਖਾ ਸਿੰਘ ਨੂੰ ਫਲਾਇੰਗ ਸਿੱਖ ਦੀ ਉਪਾਧੀ ਕਿਹੜੇ ਦੇਸ਼ ਵੱਲੋਂ ਦਿਤੀ ਗਈ ਸੀ-
(ੳ) ਚੀਨ (ਅ) ਅਮਰੀਕਾ (ੲ) ਪਾਕਿਸਤਾਨ (ਸ) ਇਰਾਨ

BSER

X. 'ਹਰਪਾਲ ਸਿੰਘ ਲੱਖੀਆਂ' ਦਾ ਨਿਬੰਧ ਹੈ-

(ੳ) ਕਿਰਤ (ਅ) ਰਾਜਸਥਾਨ ਦੇ ਪ੍ਰਸਿੱਧ ਕਿਲ੍ਹੇ (ੲ) ਮਹਾਰਾਜਾ ਗੰਗਾ ਸਿੰਘ (ਸ) ਗੰਗਾ ਦੀਨ

XI. ' ਦੁੱਧ ਦਾ ਛੱਪੜ ' ਕਹਾਣੀ ਦੇ ਕਹਾਣੀਕਾਰ ਦਾ ਨਾਂ ਦੱਸੋ-

(ੳ) ਸੰਤੋਖ ਸਿੰਘ ਧੀਰ (ਅ) ਕੁਲਵੰਤ ਸਿੰਘ ਵਿਰਕ (ੲ) ਗੁਰਬਚਨ ਸਿੰਘ ਭੁੱਲਰ (ਸ) ਸੰਤ ਸਿੰਘ ਸੇਖੋਂ

XII. 'ਕਰਤਾਰਾ' ਕਿਹੜੀ ਕਹਾਣੀ ਦਾ ਮੁੱਖ ਪਾਤਰ ਹੈ -

(ੳ) ਸਾਂਝੀ ਕੰਧ (ਅ) ਦੁੱਧ ਦਾ ਛੱਪੜ (ੲ) ਪਹੁਤਾ ਪਾਂਧੀ (ਸ) ਖ਼ੂਨ

XIII. ' ਮੈਨੂੰ ਤਾਂ ਸਹੁਰਾ ਸਰਪੰਚ ਭਖਾਉਂਦਾ ਰਿਹਾ, ਨਹੀਂ ਮੈਂ ਕਿਹੜਾ ਤੇਰਾ ਦੋਖੀ ਸੀ |' ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ਹਨ-

(ੳ) ਦਰਬਾਰੇ ਨੇ ਕਪੂਰ ਸਿੰਘ ਨੂੰ (ਅ) ਕਪੂਰ ਸਿੰਘ ਨੇ ਸਰਪੰਚ ਨੂੰ

(ੲ) ਕਪੂਰ ਸਿੰਘ ਨੇ ਦਰਬਾਰੇ ਨੂੰ (ਸ) ਦਰਬਾਰੇ ਨੇ ਸਰਪੰਚ ਨੂੰ

XIV. ਰੇਲ ਗੱਡੀ ਦੇ ਡੱਬੇ ਦਾ ਕੇਂਦਰ ਬਿੰਦੂ ਸੀ-

(ੳ) ਸਿਪਾਹੀ (ਅ) ਅਖ਼ਬਾਰ ਵਾਲਾ (ੲ) ਮੇਜਰ ਸਾਹਿਬ (ਸ) ਸਿਕੰਜਵੀ ਵਾਲਾ

XV. 'ਆਪਣੀ ਖੱਟੀ ਵਿੱਚੋਂ ਦਸਵੰਧ ਦਿਆ ਕਰੋ |' ਉਪਰੋਕਤ ਵਾਕ ਵਿਚ 'ਖੱਟੀ' ਸ਼ਬਦ ਦਾ ਸਹੀ ਅਰਥ ਹੈ-

(ੳ) ਪੀਲ਼ੀ (ਅ) ਸਰੋਂ ਫੁੱਲੀ (ੲ) ਮਿਹਨਤ (ਸ) ਕਮਾਈ

XVI. 'ਵਸਲ' ਸ਼ਬਦ ਦਾ ਸਮਾਨਾਰਥਕ ਸ਼ਬਦ ਨਹੀਂ ਹੈ -

(ੳ) ਵਿਛੋੜਾ (ਅ) ਮਿਲਾਪ (ੲ) ਮੇਲ (ਸ) ਸੰਜੋਗ

XVII. 'ਬਹਾਦਰ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਹੈ-

(ੳ) ਸੂਰਮਾ (ਅ) ਬਲਵਾਨ (ੲ) ਪਹਿਲਵਾਨ (ਸ) ਕਾਇਰ

XVIII. ਮਾਝੀ ਉਪਬੋਲੀ ਦਾ ਪ੍ਰਮੁੱਖ ਜਿਲ੍ਹਾ ਹੈ -

(ੳ) ਬਠਿੰਡਾ (ਅ) ਫਰੀਦਕੋਟ (ੲ) ਮਾਨਸਾ (ਸ) ਅੰਮ੍ਰਿਤਸਰ

**2. ਹੇਠ ਲਿਖੀਆਂ ਖਾਲ਼ੀ ਥਾਵਾਂ ਭਰੋ- 6x1=6**

I. ਮਨ ਤੂੰ ਜੋਤਿ ਸਰੂਪ ਹੈ ਆਪਣਾ _ _ _ _ _ _ _ _ ||

II. ਜਨ ਕਹੈ ਨਾਨਕ ਲਾਵ ਪਹਿਲੀ ਆਰੰਭੁ _ _ _ _ _ _ _ _ ||

III. ਅੱਜ ਆਖਾਂ _ _ _ _ _ _ _ _ਨੂੰ ਕਿਤੋਂ ਕਬਰਾਂ ਵਿਚੋਂ ਬੋਲ |

IV. ਨਿਕੰਮਾ ਮਨ _ _ _ _ ਦੀ ਆਪਣੀ _ _ _ _ ਹੋ ਜਾਂਦਾ ਹੈ।

V. " ਪਰ ਆਪਾਂ ਕਹਾਂਗੇ ਅਸੀਂ ਤਾਂ_ _ _ _ _ _ _ _ਆਂ, ਸਾਨੂੰ ਨਾ ਫੜ |"

VI. " ਮੈਨੂੰ ਕੌਣ ਹੱਥ ਲਾਊ | _ _ _ _ _ _ _ _ ਵਿੱਚ ਮੇਰਾ ਸ਼ੇਰ ਵਰਗਾ ਚਾਚਾ ਐ, _ _ _ _ _ _ _ _ | ਡੱਕਰੇ ਕਰ ਦੇਊ|

**3. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ - 12x1=12**

I. ਮੀਆ ਵਜੀਦ ਨੇ ਆਪਣੇ ਸਲੋਕਾਂ ਵਿੱਚ ਕਿਹੜੇ ਕਿਹੜੇ ਵੱਡੇ ਹੰਕਾਰੀਆਂ ਦਾ ਜ਼ਿਕਰ ਕੀਤਾ ਹੈ ?

II. ' ਸੁੰਨੇ ਸੁੰਨੇ ਰਾਹਾਂ ਵਿਚ' ਕਵਿਤਾ ਅਨੁਸਾਰ ਬਾਪੂ ਨੇ ਕਿੰਨਾਂ ਦੇ ਵਸੇਬੇ ਲਈ ਆਪਣਾ ਦੇਸ਼ ਛਡਿਆ ਹੈ ?

III. ਪੱਤਰ ਟਾਵਾਂ ਟਾਵਾਂ ਵਾਲੇ ਰੁੱਖ ਕਵੀ ਨੂੰ ਕਿਸ ਵਾਕਣ ਲੱਗਦੇ ਹਨ ?

IV. "ਲਾਵਾਂ " ਸ਼ਬਦ ਕਿਸ ਰਾਗ ਵਿੱਚ ਉਚਾਰਿਆ ਗਿਆ ਹੈ ?

V. 'ਮੂਰਖ ਨੇ ਅਸਵਾਰੀ' ਸਲੋਕ ਅਨੁਸਾਰ ਸੁਘੜ ਨੂੰ ਕਿਸ ਦੇ ਘਰ ਜਾ ਕੇ ਮਜ਼ੂਰੀ ਕਰਨੀ ਪੈ ਸਕਦੀ ਹੈ ?

VI. ਭਾਈ ਮਰਦਾਨਾ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?

VII. ਮਹਾਰਾਜਾ ਗੰਗਾ ਸਿੰਘ ਕਿਹੜੀ ਰਿਆਸਤ ਦੇ ਰਾਜਾ ਸਨ ?

VIII. ਸਾਂਝੀ ਕੰਧ ਦਾ ਝਗੜਾ ਕਿੰਨਾ ਵਿਚਕਾਰ ਸੀ ?

IX. ਪਹਿਲਾਂ ਹੀ ਚੋਈ ਜਾ ਚੁੱਕੀ ਮੱਝ ਦਾ ਪਰਦਾ ਰੱਖਣ ਲਈ ਲਾਲ ਨੇ ਕੀ ਕੀਤਾ ਸੀ ?

X. ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਹੜੀ ਲਿਪੀ ਢੁਕਵੀਂ ਹੈ ?

XI. 'ਅਧਕ' ਕਿਹੜੀ-ਕਿਹੜੀ ਲੱਗ ਨਾਲ ਲੱਗਦੀ ਹੈ ?

XII. ਪੰਜਾਬੀ ਵਿੱਚ ਸਵਰ ਵਾਹਕ ਅੱਖਰ ਕਿਹੜੇ ਹਨ ?

BSER

## ਖੰਡ-ਅ

**(4-8) ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਨੂੰ ਹੱਲ ਕਰੋ :-** **5x2=10**

ਮਿੱਠਾ ਬੋਲਣਾ ਸਭ ਚੰਗਿਆਈਆਂ ਦਾ ਮੂਲ ਹੈ | ਮਿੱਠਾ ਬੋਲਣ ਵਾਲਾ ਕਿਤੇ ਧੋਖਾ ਨਹੀਂ ਖਾਂਦਾ | ਮਿਠਾਸ ਵਿਚ ਏਨੀ ਸ਼ਕਤੀ ਹੈ ਕਿ ਗੁੱਸੇ ਨੂੰ ਸ਼ਾਂਤ ਕਰ ਦਿੰਦੀ ਹੈ| ਭਾਈ ਗੁਰਦਾਸ ਜੀ ਅੱਗ ਅਤੇ ਪਾਣੀ ਦੀ ਉਦਾਹਰਨ ਦਿੰਦੇ ਹੋਏ ਆਖਦੇ ਹਨ ਕਿ ਅੱਗ ਦੀਆਂ ਲਪਟਾਂ ਉੱਪਰ ਵੱਲ ਨੂੰ ਜਾਂਦੀਆਂ ਹਨ ਪਰੰਤੂ ਉਹਨਾਂ ਦਾ ਕੋਈ ਲਾਭ ਨਹੀਂ| ਪਰ ਪਾਣੀ ਹਮੇਸ਼ਾ ਨੀਵੇ ਵੱਲ ਨੂੰ ਵਹਿੰਦਾ ਹੈ , ਉਹ ਅੱਗ ਵਾਂਗ ਗਰਮ ਨਹੀਂ ਬਲਕਿ ਠੰਡਾ ਹੁੰਦਾ ਹੈ| ਨਿਮਰਤਾ ਤੇ ਮਿਠਾਸ ਤੋਂ ਬਿਨਾਂ ਸੰਪੂਰਨ ਵਿਦਵਤਾ ਵੀ ਵਿਅਰਥ ਹੈ| ਨਿਮਰਤਾ ਦੀ ਉਦਾਹਰਨ ਗੁਰਬਾਣੀ ਵਿਚੋਂ ਇੰਝ ਮਿਲਦੀ ਹੈ ਕਿ ਤਕੜੀ ਦੇ ਜਿਹੜੇ ਪਲੜੇ ਵਿਚ ਭਾਰ ਪਾ ਕੇ ਤੋਲਿਆ ਜਾਵੇ ਉਹੀ ਪਲੜਾ ਨੀਵਾਂ ਹੋ ਜਾਂਦਾ ਹੈ | ਭਾਵ ਜਿਹੜਾ ਵਿਅਕਤੀ ਗੁਣਾਂ ਨਾਲ ਭਰਪੂਰ ਹੋਵੇਗਾ, ਉਹ ਨੀਵਾਂ ਹੋਵੇਗਾ |

4. **ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ ।**
5. ਮਿਠਾਸ ਦੀ ਸ਼ਕਤੀ ਬਾਰੇ ਕੀ ਸਮਝਾਇਆ ਜਾਂਦਾ ਹੈ ?
6. ਚੰਗਿਆਈਆਂ ਦਾ ਮੂਲ ਤੱਤ ਕੀ ਦੱਸਿਆ ਗਿਆ ਹੈ ?
7. ਵਿਦਵਤਾ ਦਾ ਮਹਾਨ ਗੁਣ ਕਿਹੜਾ ਹੈ ?
8 ਔਖੇ ਸ਼ਬਦਾਂ ਦੇ ਅਰਥ ਲਿਖੋ-
   ਧੋਖਾ, ਵਿਅਰਥ, ਸ਼ਕਤੀ, ਵਿਦਵਤਾ

**(9-13) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **5×2=10**

9. 'ਉਮੰਗ' ਅਤੇ 'ਵਿਹਲਾ' ਸ਼ਬਦਾਂ ਦੇ ਦੋ - ਦੋ ਸਮਾਨਾਰਥਕ ਸ਼ਬਦ ਲਿਖੋ -

10. ਹੇਠ ਲਿਖੇ ਬਹੁਅਰਥਕ ਸ਼ਬਦਾਂ ਨੂੰ ਵਾਕਾਂ ਵਿਚ ਇਸ ਤਰ੍ਹਾਂ ਵਰਤੋਂ ਕੀ ਹਰ ਇਕ ਦੇ ਦੋ-ਦੋ ਵੱਖਰੇ ਅਰਥ ਸਪਸ਼ਟ ਹੋ ਜਾਣ -
    ਵੱਟ, **ਫੁੱਲ ।**
11. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ-
    ਫਿੱਕਾ, ਡਰਾਕਲ, ਨਰਕ, ਸਾਊ |
12. ਮਲਵਈ ਉਪਭਾਸ਼ਾ ਕਿਹੜੇ-ਕਿਹੜੇ ਜ਼ਿਲ੍ਹਿਆਂ ਵਿਚ ਬੋਲੀ ਜਾਂਦੀ ਹੈ ?
13. ਫਰੀਦ ਜੀ ਅਨੁਸਾਰ ਸੱਜਣ - ਪ੍ਰਭੂ ਨਾਲ ਨੇਹੁੰ ਕਿਵੇਂ ਬਣਿਆ ਰਹਿ ਸਕਦਾ ਹੈ ?

## ਖੰਡ- ੲ

**(14-17) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ-** **4x3=12**

14. 'ਗਗਨ ਮੈ ਥਾਲ' (ਆਰਤੀ) ਸ਼ਬਦ ਵਿਚ ਪ੍ਰਗਟ ਕੀਤੇ ਗਏ ਵਿਚਾਰਾਂ ਦਾ ਸਾਰ ਲਿਖੋ|

**ਜਾਂ**

'ਤੈਨੂੰ ਦਿਆਂ ਹੰਝੂਆਂ ਦਾ ਭਾੜਾ' ਕਵਿਤਾ ਦਾ ਸਾਰ ਲਿਖੋ ?

15. ਸਾਧ ਤੇ ਕਿਰਤੀ ਦੇ ਲੱਛਣ ਕਿਵੇਂ ਮਿਲਦੇ ਹਨ ? ਸਪਸ਼ਟ ਕਰੋ |

**ਜਾਂ**

ਮਹਾਰਾਜਾ ਗੰਗਾ ਸਿੰਘ ਦੇ ਜਨਮ ਅਤੇ ਬਚਪਨ ਬਾਰੇ ਦੱਸਦੇ ਹੋਏ, ਉਹਨਾਂ ਦੀ ਪਰਜਾ ਬਾਰੇ ਕੀ ਨੀਤੀ ਸੀ ? ਵਰਨਣ ਕਰੋ |

16. ਗੰਗਾ ਦੀਨ ਦੇ ਸੁਭਾਅ ਉੱਪਰ ਵਿਸਥਾਰ ਨਾਲ ਟਿੱਪਣੀ ਕਰੋ ।

**ਜਾਂ**

ਭਾਈ ਮਰਦਾਨਾ ਜੀ ਦੇ ਜੀਵਨ ਬਾਰੇ ਜਾਣਕਾਰੀ ਦਿਓ ?

17. 'ਪਹੁਤਾ ਪਾਂਧੀ' **ਜਾਂ** 'ਦੁੱਧ ਦਾ ਛੱਪੜ' ਕਹਾਣੀ ਦਾ ਸੰਖੇਪ ਸਾਰ ਆਪਣੇ ਸ਼ਬਦਾਂ ਵਿਚ ਲਿਖੋ ।

BSER

## ਖੰਡ-ਸ

**(18-20) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ:-** **3×4=12**

18.

ਇਰਾਕੀਆਂ ਨੂੰ ਪਏ ਚਾਬਕ ਪੈਂਦੇ,
ਗੱਦੋਂ ਖ਼ੂਦ ਖਵਾਏ |
ਕਾਉਂ ਲਗੜ ਨੂੰ ਮਾਰਨ ਲੱਗੇ,
ਚਿੜੀਆਂ ਜੁੱਰੇ ਖਾਏ |
ਅਗਲੇ ਜਾਏ ਬੰਗਾਲੇ ਬੈਠੇ,
ਪਿਛਲਿਆਂ ਫਰਸ਼ ਵਿਛਾਏ |

**(ੳ)** ਉਪਰੋਕਤ ਕਾਵਿ-ਸਤਰਾਂ ਦਾ ਪ੍ਰਸੰਗ ਲਿਖੋ।

**(ਅ)** ਉਪਰੋਕਤ ਕਾਵਿ-ਸਤਰਾਂ ਦੀ ਸਰਲ ਵਿਆਖਿਆ ਕਰੋ।

(ੲ) 'ਅਗਲੇ ਜਾਏ ਬੰਗਾਲੇ ਬੈਠੇ' ਤੁੱਕ ਤੋਂ ਕੀ ਭਾਵ ਹੈ ?

(ਸ) ਔਖੇ ਸ਼ਬਦਾਂ ਦੇ ਅਰਥ ਲਿਖੋ :-

ਚਾਬਕ, ਜੁੱਰੇ, ਖ਼ੂਦ, ਗੱਦੋਂ |

**ਜਾਂ**

ਕੀ ਇਹ ਇਨਸਾਫ ਹਉਮੈ ਦੇ ਪੁੱਤ ਕਰਨਗੇ
ਕੀ ਇਹ ਖਾਮੋਸ਼ ਪੱਥਰ ਦੇ ਬੁੱਤ ਕਰਨਗੇ
ਜੋ ਸਲੀਬਾਂ ਤੇ ਟੰਗੇ ਨੇ ਲੱਥਣੇ ਨਹੀਂ
ਰਾਜ ਬਦਲਣਗੇ ਸੂਰਜ ਚੜ੍ਹਨ ਲਹਿਣਗੇ|

(ੳ) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ।

(ਅ) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ।

(ੲ) 'ਰਾਜ ਬਦਲਣਗੇ ਸੂਰਜ ਚੜ੍ਹਨ ਲਹਿਣਗੇ' ? ਸਤਰ ਤੋਂ ਕੀ ਭਾਵ ਹੈ?

(ਸ) ਔਖੇ ਸ਼ਬਦਾਂ ਦੇ ਅਰਥ ਲਿਖੋ:

ਇਨਸਾਫ਼ , ਹਉਮੈ , ਸਲੀਬਾਂ , ਲੱਥਣੇ।

19. ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਤੋਂ ਮੈਚ ਦੇਖਣ ਜਾਣ ਦੀ ਇਜਾਜਤ ਲੈਣ ਲਈ ਬਿਨੈ ਪੱਤਰ ਲਿਖੋ |

**ਜਾਂ**

ਤੁਹਾਡੇ ਸਕੂਲ ਵਿੱਚ ਮਨਾਏ ਗਏ ਗਣਤੰਤਰ ਦਿਵਸ ਸਬੰਧੀ ਆਪਣੇ ਚਾਚਾ ਜੀ ਨੂੰ ਜਾਣਕਾਰੀ ਭਰਪੂਰ ਚਿੱਠੀ ਲਿਖੋ।

20. ਕਿਸੇ ਇਕ ਵਿਸ਼ੇ ਉੱਪਰ ਲੇਖ ਲਿਖੋ -

ਸ੍ਰੀ ਗੁਰੂ ਨਾਨਕ ਦੇਵ ਜੀ

ਜਾਂ

ਪ੍ਰਦੂਸ਼ਣ

ਜਾਂ

ਰਾਜਸਥਾਨ ਦੇ ਇਤਿਹਾਸਕ ਸ਼ਹਿਰ ਦੀ ਯਾਤਰਾ

===

BSER